# ਵਰਕਸੇਫਬੀਸੀ ਕੰਸਟਰੱਕਸ਼ਨ ਦੇ ਕੰਮ-ਮਾਲਕਾਂ ਨੂੰ ਅਪੀਲ ਕਰਦਾ ਹੈ ਕਿ ਉਹ ਉਚਾਈਆਂ ਤੋਂ ਡਿੱਗਣ ਦੀ ਰੋਕਥਾਮ ਕਰਨ

*2024 ਵਿੱਚ 1,000 ਤੋਂ ਵੱਧ ਕੰਸਟਰੱਕਸ਼ਨ ਵਰਕਰ ਉਚਾਈ ਤੋਂ ਡਿੱਗਣ ਕਾਰਨ ਜ਼ਖਮੀ ਹੋਏ ਸਨ।*

**ਰਿਚਮੰਡ, ਬੀ.ਸੀ. (15 ਅਪ੍ਰੈਲ, 2025**) — ਬਸੰਤ ਰੁੱਤ ਦੇ ਆਉਣ ਅਤੇ ਬਾਹਰ ਕੰਸਟਰੱਕਸ਼ਨ ਦੇ ਕੰਮ ਵਧਣ ਨਾਲ, ਵਰਕਸੇਫਬੀਸੀ ਕੰਮ-ਮਾਲਕਾਂ ਅਤੇ ਵਰਕਰਾਂ ਨੂੰ ਯਾਦ ਦਿਵਾ ਰਿਹਾ ਹੈ ਕਿ ਉਚਾਈ ਤੋਂ ਡਿੱਗਣਾ ਕੰਮ ਵਾਲੀ ਥਾਂ ਦੀਆਂ ਸੱਟਾਂ ਅਤੇ ਮੌਤਾਂ ਦਾ ਲਗਾਤਾਰ ਪ੍ਰਮੁੱਖ ਕਾਰਨ ਬਣਿਆ ਹੋਇਆ ਹੈ।

2020 ਤੋਂ 2024 ਤੱਕ, ਕੰਸਟਰੱਕਸ਼ਨ ਖੇਤਰ ਵਿੱਚ ਉਚਾਈ ਤੋਂ ਡਿੱਗਣ ਕਾਰਨ 5,400 ਤੋਂ ਵੱਧ ਸੱਟਾਂ ਦੇ ਕਲੇਮ ਆਏ, ਜਿਨ੍ਹਾਂ ਵਿੱਚ ਲਗਭਗ 1,900 ਗੰਭੀਰ ਸੱਟਾਂ ਅਤੇ 35 ਮੌਤਾਂ ਸ਼ਾਮਲ ਸਨ। ਪਿਛਲੇ ਸਾਲ ਉਚਾਈ ਤੋਂ ਡਿੱਗਣ ਕਾਰਨ 1,000 ਤੋਂ ਵੱਧ ਕੰਸਟਰੱਕਸ਼ਨ ਵਰਕਰ ਜ਼ਖਮੀ ਹੋਏ ਸਨ।

ਮਨੁੱਖੀ ਜਾਨ ਦੀ ਕੀਮਤ ਤੋਂ ਇਲਾਵਾ, ਕੰਮ-ਮਾਲਕਾਂ ਨੂੰ ਵਿੱਤੀ ਨੁਕਸਾਨ ਦੇ ਨਤੀਜੇ ਭੁਗਤਣੇ ਪਏ ਹਨ—ਵਰਕਸੇਫਬੀਸੀ ਨੇ ਸਿਰਫ਼ 2024 ਵਿੱਚ ਹੀ ਡਿੱਗਣ ਤੋਂ ਬਚਣ ਦੀ ਢੁਕਵੀਂ ਸੁਰੱਖਿਆ ਨਾ ਦੇਣ ਕਰਕੇ 152 ਪ੍ਰਸ਼ਾਸਕੀ ਜੁਰਮਾਨੇ ਜਾਰੀ ਕੀਤੇ, ਜਿਹੜੇ ਕੁੱਲ 1,069,720 ਡਾਲਰ ਬਣਦੇ ਹਨ।

ਵਰਕਸੇਫਬੀਸੀ ਵਿਖੇ ਪ੍ਰੀਵੈਂਸ਼ਨ ਫੀਲਡ ਸਰਵਿਸਿਜ਼ ਦੇ ਮੈਨੇਜਰ ਸੰਦੀਪ ਮਾਂਗਟ ਕਹਿੰਦੇ ਹਨ, "ਉਚਾਈ ਤੋਂ ਡਿੱਗਣ ਵਿੱਚ ਛੱਤ, ਪੈੜ, ਪੌੜੀ ਜਾਂ ਇੱਥੋਂ ਤੱਕ ਕਿ ਟਰੱਕ ਦੇ ਬੈੱਡ ਤੋਂ ਡਿੱਗਣਾ ਤੱਕ ਹੋ ਸਕਦਾ ਹੈ ਅਤੇ ਇਨ੍ਹਾਂ ਦੇ ਕਾਰਨ ਆਮ ਤੌਰ 'ਤੇ ਢੁਕਵੀਂ ਸੁਰੱਖਿਆ ਦਾ ਨਾ ਹੋਣਾ, ਕੰਮ ਕਰਨ ਦੇ ਸੁਰੱਖਿਅਤ ਤਰੀਕਿਆਂ ਦੀ ਪਾਲਣਾ ਨਾ ਕਰਨਾ, ਜਾਂ ਕੰਮ ਦੀਆਂ ਖ਼ਤਰਨਾਕ ਹਾਲਤਾਂ ਹੁੰਦੇ ਹਨ। ਪਰ ਇਹਨਾਂ ਘਟਨਾਵਾਂ ਨੂੰ ਢੁਕਵੀਂ ਯੋਜਨਾਬੰਦੀ, ਨਿਗਰਾਨੀ, ਸਿਖਲਾਈ ਅਤੇ ਡਿੱਗਣ ਤੋਂ ਸੁਰੱਖਿਆ ਦੀ ਹਮੇਸ਼ਾ ਵਰਤੋਂ ਕਰਨ ਨਾਲ ਵੱਡੇ ਪੱਧਰ 'ਤੇ ਰੋਕਿਆ ਜਾ ਸਕਦਾ ਹੈ।"

ਵਰਕਸੇਫਬੀਸੀ ਦੇ ਆਕੂਪੇਸ਼ਨਲ ਹੈਲਥ ਐਂਡ ਸੇਫਟੀ ਰੈਗੂਲੇਸ਼ਨ ਅਨੁਸਾਰ ਜਦੋਂ ਵਰਕਰਾਂ ਨੂੰ ਤਿੰਨ ਮੀਟਰ ਜਾਂ ਇਸ ਤੋਂ ਵੱਧ ਉਚਾਈ ਤੋਂ ਡਿੱਗਣ ਦਾ ਖਤਰਾ ਹੋਵੇ - ਜਾਂ ਕਿਸੇ ਵੀ ਉਚਾਈ ਤੋਂ ਜਿੱਥੋਂ ਡਿੱਗਣ ਨਾਲ ਸੱਟ ਲੱਗ ਸਕਦੀ ਹੋਵੇ, ਤਾਂ ਡਿੱਗਣ ਤੋਂ ਬਚਾਅ ਕਰਨ ਦੇ ਸਿਸਟਮ ਹੋਣੇ ਜ਼ਰੂਰੀ ਹਨ।

## ਕੰਸਟਰੱਕਸ਼ਨ ਇੰਡਸਟਰੀ ਦਾ ਫੋਕਸ

ਕੰਸਟਰੱਕਸ਼ਨ ਦੇ ਖੇਤਰ ਵਿੱਚ ਉਚਾਈ ਤੋਂ ਡਿੱਗਣ ਨੂੰ ਰੋਕਣਾ ਵਰਕਸੇਫਬੀਸੀ ਲਈ ਮੁੱਖ ਫੋਕਸ ਬਣਿਆ ਹੋਇਆ ਹੈ। ਇਹਨਾਂ ਖਤਰਿਆਂ ਨੂੰ ਘਟਾਉਣ ਲਈ, ਵਰਕਸੇਫਬੀਸੀ ਪੂਰੇ ਸੂਬੇ ਵਿੱਚ ਕੰਸਟਰੱਕਸ਼ਨ ਵਾਲੀਆਂ ਥਾਵਾਂ 'ਤੇ ਸਰਗਰਮੀ ਨਾਲ, ਬਿਨਾਂ ਪਹਿਲਾਂ ਦੱਸੇ ਨਿਰੀਖਣ ਕਰ ਰਿਹਾ ਹੈ। ਇਹ ਨਿਰੀਖਣ ਇਹ ਪੱਕਾ ਕਰਨ 'ਤੇ ਫੋਕਸ ਕਰਨਗੇ ਕਿ ਡਿੱਗਣ ਤੋਂ ਬਚਾਅ ਕਰਨ ਦੇ ਉਪਾਅ ਲਾਗੂ ਕੀਤੇ ਹੋਣ ਅਤੇ ਇਹ ਕਿ ਕੰਮ-ਮਾਲਕ ਵਰਕਰਾਂ ਲਈ ਸਭ ਤੋਂ ਵੱਧ ਹੋਣ ਵਾਲੇ ਖਤਰਿਆਂ ਤੋਂ ਬਚਾਅ ਲਈ ਅਸਰਦਾਰ ਢੰਗ ਨਾਲ ਪ੍ਰਬੰਧ ਕਰ ਰਹੇ ਹੋਣ।

## ਕੰਮ-ਮਾਲਕਾਂ ਲਈ ਡਿੱਗਣ ਤੋਂ ਬਚਾਅ ਦੇ ਵਸੀਲੇ

ਢੁਕਵੀਂ ਯੋਜਨਾਬੰਦੀ, ਨਿਗਰਾਨੀ ਅਤੇ ਸਿਖਲਾਈ ਦੇ ਨਾਲ ਨਾਲ ਡਿੱਗਣ ਤੋਂ ਬਚਾਅ ਕਰਨ ਵਾਲੇ ਉਪਕਰਨਾਂ ਦੀ ਸਹੀ ਵਰਤੋਂ, ਡਿੱਗਣ ਦੇ ਖਤਰਿਆਂ ਨੂੰ ਕਾਫ਼ੀ ਹੱਦ ਤੱਕ ਘਟਾ ਸਕਦੀ ਹੈ। ਕੰਮ-ਮਾਲਕ ਕੰਮ ਵਾਲੀ ਥਾਂ 'ਤੇ ਹੋ ਸਕਣ ਵਾਲੇ ਖਤਰਿਆਂ ਦੀ ਪਛਾਣ ਕਰਨ ਅਤੇ ਮੁਲਾਂਕਣ ਕਰਨ ਅਤੇ ਵਰਕਰਾਂ ਦੀ ਸੁਰੱਖਿਆ ਲਈ ਜ਼ਰੂਰੀ ਉਪਾਅ ਲਾਗੂ ਕਰਨ ਲਈ ਜ਼ਿੰਮੇਵਾਰ ਹਨ।

ਵਰਕਸੇਫਬੀਸੀ ਕੰਸਟਰੱਕਸ਼ਨ ਦੇ ਕੰਮ-ਮਾਲਕਾਂ ਨੂੰ ਉਨ੍ਹਾਂ ਦੀਆਂ ਕੰਮ ਵਾਲੀਆਂ ਥਾਵਾਂ ਦੇ ਅਨੁਸਾਰ ਡਿੱਗਣ ਤੋਂ ਬਚਾਅ ਦੀਆਂ ਯੋਜਨਾਵਾਂ ਬਣਾਉਣ ਵਿੱਚ ਮਦਦ ਕਰਨ ਲਈ ਕਈ ਤਰ੍ਹਾਂ ਦੇ ਵਸੀਲਿਆਂ ਦੀ ਪੇਸ਼ਕਸ਼ ਕਰਦਾ ਹੈ। ਵਧੇਰੇ ਜਾਣਕਾਰੀ ਲਈ, WorkSafeBC.com 'ਤੇ ਜਾਓ।

- ਉਚਾਈ ਤੋਂ ਡਿੱਗਣਾ
- ਕੰਸਟਰੱਕਸ਼ਨ ਦੇ ਕੰਮ-ਮਾਲਕਾਂ ਨੂੰ ਆਪਣੇ ਕੰਮ ਵਾਲੀਆਂ ਥਾਵਾਂ ਲਈ ਡਿੱਗਣ ਤੋਂ ਬਚਾਅ ਕਰਨ ਦੀਆਂ ਢੁਕਵੀਆਂ ਯੋਜਨਾਵਾਂ ਬਣਾਉਣ ਵਿੱਚ ਮਦਦ ਕਰਨ ਲਈ ਵਸੀਲੇ

ਅਪ੍ਰੈਲ ਬੀ.ਸੀ. ਵਿੱਚ ਕੰਸਟਰੱਕਸ਼ਨ ਦਾ ਮਹੀਨਾ ਹੈ, ਇਹ ਸਾਡੇ ਸੂਬੇ ਵਿੱਚ ਇਸ ਇੰਡਸਟਰੀ ਦੀ ਮਹੱਤਵਪੂਰਨ ਭੂਮਿਕਾ ਨੂੰ ਮਾਨਤਾ ਦੇਣ ਦਾ ਸਮਾਂ ਹੈ।

## ਵਰਕਸੇਫ਼ਬੀਸੀ ਬਾਰੇ

*ਵਰਕਸੇਫ਼ਬੀਸੀ ਬੀ.ਸੀ. ਵਿੱਚ ਸੱਟ, ਬਿਮਾਰੀ, ਅਤੇ ਅਪੰਗਤਾ ਨੂੰ ਰੋਕਣ ਲਈ ਵਰਕਰਾਂ ਅਤੇ ਕੰਮ-ਮਾਲਕਾਂ ਨੂੰ ਸ਼ਾਮਲ ਕਰਦਾ ਹੈ। ਜਦੋਂ ਕੰਮ ਨਾਲ ਸਬੰਧਿਤ ਸੱਟਾਂ ਲੱਗਦੀਆਂ ਹਨ ਜਾਂ ਬਿਮਾਰੀਆਂ ਹੁੰਦੀਆਂ ਹਨ, ਤਾਂ ਵਰਕਸੇਫ਼ਬੀਸੀ ਲੋਕਾਂ ਨੂੰ ਉਹਨਾਂ ਦੀ ਸਿਹਤਯਾਬੀ (ਰਿਕਵਰੀ), ਮੁੜ-ਬਹਾਲੀ (ਰੀਹੈਬਲੀਟੇਸ਼ਨ) ਅਤੇ ਕੰਮ 'ਤੇ ਸੁਰੱਖਿਅਤ ਵਾਪਸੀ ਦੌਰਾਨ ਮੁਆਵਜ਼ਾ ਅਤੇ ਸਹਾਇਤਾ ਦਿੰਦਾ ਹੈ। ਅਸੀਂ ਪੂਰੇ ਬੀ.ਸੀ. ਵਿੱਚ 2.7 ਮਿਲੀਅਨ ਕਾਮਿਆਂ ਅਤੇ 285,000 ਕੰਮ-ਮਾਲਕਾਂ ਦੀ ਸੇਵਾ ਕਰਦੇ ਹਾਂ।*

## ਹੋਰ ਜਾਣਕਾਰੀ ਲਈ ਸੰਪਰਕ:

ਮੀਡੀਆ ਰੀਲੇਸ਼ਨਜ਼, ਵਰਕਸੇਫ਼ਬੀਸੀ
ਈਮੇਲ: media@worksafebc.com
ਟੈਲੀਫੋਨ: 604-276-5157